Australian Government
Department of Health

# ਤਪਦਿਕ (TB) ਦੀ ਜਾਂਚ ਅਤੇ ਇਲਾਜ ਬਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਲਾਹ

## ਟੀ.ਬੀ ਦਾ ਜ਼ਿਆਦਾ ਖ਼ਤਰਾ

ਕੁੱਝ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਸਟ੍ਰੇਲੀਆ ਵਿੱਚ ਪੈਦਾ ਹੋਏ ਲੋਕਾਂ ਨਾਲੋਂ ਤਪਦਿਕ (ਟੀਬੀ) ਹੋਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ।

ਜੇਕਰ ਤੁਸੀਂ ਨਿਮਨਲਿਖਤ ਖੇਤਰਾਂ ਵਿੱਚ ਕਿਸੇ ਦੇਸ਼ ਤੋਂ ਹੋ, ਤਾਂ ਸੰਭਾਵਨਾ ਹੈ ਕਿ ਤੁਸੀਂ ਕਦੇ ਟੀਬੀ ਦੇ ਸੰਪਰਕ ਵਿੱਚ ਆਏ ਹੋ:

- ਏਸ਼ੀਆ
- ਅਫਰੀਕਾ
- ਪੱਛਮੀ ਪ੍ਰਸ਼ਾਂਤ
- ਭਾਰਤੀ ਉਪ-ਮਹਾਂਦੀਪ
- ਸਾਊਥ ਅਮਰੀਕਾ
- ਪੂਰਬੀ ਯੂਰਪ।

ਇਹਨਾਂ ਖੇਤਰਾਂ ਦੇ ਲੋਕਾਂ ਨੂੰ ਟੀਬੀ ਤੋਂ ਲਾਗ ਗ੍ਰਸਤ ਹੋਣ ਅਤੇ ਬਿਮਾਰ ਹੋਣ ਦਾ ਵਧੇਰੇ ਜ਼ੋਖਮ ਹੁੰਦਾ ਹੈ।

## ਟੀ.ਬੀ (TB) ਕੀ ਹੈ?

ਟੀਬੀ ਇੱਕ ਛੂਤ ਦੀ ਬਿਮਾਰੀ ਹੈ ਜੋ ਫੇਫੜਿਆਂ, ਹੋਰ ਅੰਗਾਂ ਅਤੇ ਹੱਡੀਆਂ ਨੂੰ ਪ੍ਰਭਾਵਿਤ ਕਰਦੀ ਹੈ। ਦਵਾਈ ਟੀਬੀ ਨੂੰ ਠੀਕ ਕਰ ਸਕਦੀ ਹੈ, ਪਰ ਜੇ ਇਲਾਜ ਨਾ ਕੀਤਾ ਜਾਵੇ ਤਾਂ ਇਹ ਘਾਤਕ ਹੋ ਸਕਦੀ ਹੈ। ਦੁਨੀਆ ਦੀ ਲਗਭਗ ਇੱਕ ਚੌਥਾਈ ਆਬਾਦੀ ਟੀਬੀ ਦਾ ਕਾਰਨ ਬਣਨ ਵਾਲੇ ਬੈਕਟੀਰੀਆ ਨਾਲ ਲਾਗ ਗ੍ਰਸਤ ਹੈ।

ਟੀਬੀ ਵਿਸ਼ਵ ਭਰ ਵਿੱਚ ਮੌਤ ਦੇ ਪ੍ਰਮੁੱਖ 10 ਕਾਰਨਾਂ ਵਿੱਚੋਂ ਇੱਕ ਹੈ।

## ਟੀਬੀ ਦੇ ਇਲਾਜ ਲਈ ਕੋਈ ਖਰਚਾ ਨਹੀਂ ਹੁੰਦਾ ਹੈ।

ਆਸਟ੍ਰੇਲੀਆ ਵਿੱਚ, ਤੁਹਾਨੂੰ ਦਵਾਈਆਂ ਉੱਤੇ ਆਏ ਖਰਚੇ ਸਮੇਤ ਜਨਤਕ ਸਿਹਤ ਪ੍ਰਣਾਲੀ ਵਿੱਚ ਕਰਵਾਏ ਟੀਬੀ ਦੀ ਜਾਂਚ ਜਾਂ ਇਲਾਜ ਸੇਵਾਵਾਂ ਲਈ ਭੁਗਤਾਨ ਨਹੀਂ ਕਰਨਾ ਪਵੇਗਾ। ਪ੍ਰਾਈਵੇਟ ਸਿਹਤ ਪ੍ਰਣਾਲੀ ਦੁਆਰਾ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਟੀਬੀ ਸੇਵਾਵਾਂ ਲਈ ਕੁੱਝ ਖਰਚਿਆਂ ਨੂੰ ਪੂਰਾ ਕਰਨ ਵਿੱਚ ਓਵਰਸੀਜ਼ ਸਟੂਡੈਂਟ ਹੈਲਥ ਕਵਰ (OSHC) ਮੱਦਦ ਕਰ ਸਕਦਾ ਹੈ।

## ਵੀਜ਼ਾ 'ਤੇ ਇਸਦਾ ਅਸਰ ਨਹੀਂ ਪੈਂਦਾ ਹੈ।

ਜੇਕਰ ਤੁਹਾਨੂੰ ਟੀ.ਬੀ ਹੁੰਦਾ ਹੈ, ਤਾਂ ਤੁਹਾਨੂੰ ਆਸਟ੍ਰੇਲੀਆ ਛੱਡਣ ਲਈ ਨਹੀਂ ਕਿਹਾ ਜਾਵੇਗਾ। ਜਿੰਨਾ ਚਿਰ ਤੁਸੀਂ ਟੀਬੀ ਦਾ ਸਿਫ਼ਾਰਿਸ਼ ਕੀਤਾ ਇਲਾਜ ਕਰਵਾਉਂਦੇ ਹੋ, ਇਹ ਤੁਹਾਡੇ ਵਿਦਿਆਰਥੀ ਵੀਜ਼ਾ ਦੀਆਂ ਸ਼ਰਤਾਂ ਨੂੰ ਪ੍ਰਭਾਵਿਤ ਨਹੀਂ ਕਰੇਗਾ।

## ਲੱਛਣ

ਟੀਬੀ ਵਾਲੇ ਲੋਕ ਹੇਠਾਂ ਲਿਖੇ ਲੱਛਣ ਮਹਿਸੂਸ ਕਰ ਸਕਦੇ ਹਨ:

- ਥਕਾਵਟ ਅਤੇ ਬਿਮਾਰ

- ਖੰਘ ਹੋ ਸਕਦੀ ਹੈ ਜੋ ਘੱਟੋ-ਘੱਟ 3 ਹਫ਼ਤੇ ਰਹਿੰਦੀ ਹੈ
- ਬਿਨਾਂ ਕਿਸੇ ਵਜ੍ਹਾ ਦੇ ਭਾਰ ਘਟ ਸਕਦਾ ਹੈ
- ਬੁਖ਼ਾਰ ਹੋ ਸਕਦਾ ਹੈ
- ਰਾਤ ਨੂੰ ਬਿਸਤਰ ਵਿੱਚ ਪਸੀਨਾ ਆ ਸਕਦਾ ਹੈ
- ਖੂਨ ਵਾਲੀ ਖੰਘ ਹੋ ਸਕਦੀ ਹੈ
- ਛਾਤੀ ਵਿੱਚ ਦਰਦ ਹੋ ਸਕਦਾ ਹੈ
- ਲਸਿਕਾ ਗ੍ਰੰਥੀਆਂ ਦੀ ਸੋਜ ਹੋ ਸਕਦੀ ਹੈ
- ਆਪਣੀ ਭੁੱਖ ਗੁਆ ਸਕਦੇ ਹਨ।

ਜੇਕਰ ਤੁਹਾਨੂੰ ਇਹਨਾਂ ਵਿੱਚੋਂ ਕੋਈ ਵੀ ਲੱਛਣ ਹਨ, ਤਾਂ ਡਾਕਟਰ ਨੂੰ ਮਿਲੋ ਅਤੇ ਉਹਨਾਂ ਨੂੰ ਇਹ ਤੱਥ ਸ਼ੀਟ ਦਿਖਾਓ।

ਕੁਝ ਕੁ ਕਿਰਿਆਸ਼ੀਲ ਟੀਬੀ ਵਾਲੇ ਲੋਕਾਂ ਵਿੱਚ ਕੋਈ ਲੱਛਣ ਨਹੀਂ ਹੋਣਗੇ।

## ਟੀਬੀ ਕਿਵੇਂ ਫ਼ੈਲਦੀ ਹੈ

ਟੀਬੀ ਹਵਾ ਰਾਹੀਂ ਫ਼ੈਲਦੀ ਹੈ ਜਦੋਂ ਕਿਰਿਆਸ਼ੀਲ ਟੀਬੀ ਵਾਲਾ ਵਿਅਕਤੀ ਖੰਘਦਾ, ਛਿੱਕਦਾ, ਚੀਕਦਾ, ਬੋਲਦਾ ਜਾਂ ਗਾਉਂਦਾ ਹੈ, ਅਤੇ ਨੇੜੇ ਦੇ ਹੋਰ ਲੋਕ ਉਸ ਬੈਕਟੀਰੀਆ ਨੂੰ ਸਾਹ ਰਾਹੀਂ ਅੰਦਰ ਲੈਂਦੇ ਹਨ।

ਇਹ ਸੰਭਵ ਹੈ ਕਿ ਤੁਸੀਂ ਟੀਬੀ ਬਾਰੇ ਜਾਣੇ ਬਿਨਾਂ ਇਸ ਦਾ ਸਾਮਣਾ ਕਰ ਚੁੱਕੇ ਹੋਵੋ।

ਟੀਬੀ ਨਾਲ ਗ੍ਰਸਤ ਕੁੱਝ ਲੋਕਾਂ ਵਿੱਚ ਕੋਈ ਵੀ ਲੱਛਣ ਨਜ਼ਰ ਨਹੀਂ ਆਉਂਦੇ ਅਤੇ ਹੋ ਸਕਦਾ ਹੈ ਕਿ ਉਹਨਾਂ ਨੂੰ ਇਹ ਪਤਾ ਨਾ ਹੋਵੇ ਕਿ ਉਹਨਾਂ ਨੂੰ ਟੀਬੀ ਦੀ ਕਿਰਿਆਸ਼ੀਲ ਬਿਮਾਰੀ ਹੈ।

## ਟੀਕਾਕਰਨ

ਟੀਬੀ ਦੀ ਵੈਕਸੀਨ (BCG) ਛੋਟੇ ਬੱਚਿਆਂ ਨੂੰ ਟੀਬੀ ਦੇ ਗੰਭੀਰ ਰੂਪਾਂ ਤੋਂ ਬਚਾਉਣ ਵਿੱਚ ਮੱਦਦ ਕਰਦੀ ਹੈ। ਭਾਵੇਂ ਤੁਹਾਡਾ ਟੀਕਾਕਰਨ ਪਹਿਲਾਂ ਤੋਂ ਹੋ ਚੁੱਕਾ ਹੋਵੇ , ਫਿਰ ਵੀ ਤੁਸੀਂ ਟੀ.ਬੀ. ਤੋਂ ਗ੍ਰਸਤ ਹੋ ਸਕਦੇ ਹੋ।

## ਟੀਬੀ ਦੀ ਜਾਂਚ

ਇਸ ਵੀਜ਼ਾ ਮੈਡੀਕਲ ਜਾਂਚ ਵਿੱਚ ਉੱਚ ਜੋਖਮ ਵਾਲੇ ਦੇਸ਼ਾਂ ਦੇ ਲੋਕਾਂ ਵਿੱਚ ਕਿਰਿਆਸ਼ੀਲ ਜਾਂ ਛੂਤ ਵਾਲੀ ਟੀਬੀ ਦਾ ਪਤਾ ਕਰਨ ਲਈ ਛਾਤੀ ਦਾ ਐਕਸ-ਰੇ ਸ਼ਾਮਲ ਹੁੰਦਾ ਹੈ।

ਬਹੁਤ ਸਾਰੇ ਲੋਕਾਂ ਨੂੰ ਗੁਪਤ ਜਾਂ ਖਾਮੋਸ਼ ਟੀਬੀ ਦੀ ਲਾਗ ਹੁੰਦੀ ਹੈ, ਜਿਸ ਨੂੰ ਡਾਕਟਰ ਛਾਤੀ ਦੇ ਐ-ਕਸਰੇ 'ਤੇ ਨਹੀਂ ਦੇਖ ਸਕਦੇ ਹਨ।

ਗੁਪਤ ਜਾਂ ਖਾਮੋਸ਼ ਟੀਬੀ ਕੋਈ ਵੀ ਲੱਛਣ ਪੈਦਾ ਨਹੀਂ ਕਰਦੀ ਪਰ ਜਾਂਚ ਦੇ ਕੁੱਝ ਮਹੀਨਿਆਂ ਜਾਂ ਸਾਲਾਂ ਬਾਅਦ ਕਿਰਿਆਸ਼ੀਲ ਅਤੇ ਛੂਤ ਵਾਲੀ ਟੀਬੀ ਵਿੱਚ ਬਦਲ ਸਕਦੀ ਹੈ।

## ਆਸਟ੍ਰੇਲੀਆ ਪਹੁੰਚਣ ਤੋਂ ਬਾਅਦ ਕਿੱਥੋਂ ਮੱਦਦ ਲੈਣੀ ਹੈ

ਤੁਸੀਂ ਆਪਣੇ ਡਾਕਟਰ, ਯੂਨੀਵਰਸਿਟੀ ਦੀ ਸਿਹਤ ਸੇਵਾ ਜਾਂ ਸਥਾਨਕ ਹਸਪਤਾਲ ਨਾਲ ਗੱਲ ਕਰਕੇ ਮੱਦਦ ਲੈ ਸਕਦੇ ਹੋ।

ਜੇਕਰ ਤੁਹਾਨੂੰ ਟੀਬੀ ਦੇ ਕੋਈ ਵੀ ਲੱਛਣ ਹਨ ਤਾਂ ਆਪਣੇ ਡਾਕਟਰ ਨੂੰ ਇਹ ਤੱਥ ਸ਼ੀਟ ਦਿਖਾਓ।

ਤੁਸੀਂ 1800 022 222 'ਤੇ ਮੁਫ਼ਤ ਸਿਹਤ ਸਲਾਹ ਲਈ ਹੈਲਥ ਡਾਇਰੈਕਟ ਆਸਟ੍ਰੇਲੀਆ ਨੂੰ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਕਦੇ ਵੀ ਫ਼ੋਨ ਕਰ ਸਕਦੇ ਹੋ (ਲੈਂਡਲਾਈਨ ਤੋਂ ਫ਼ੋਨ ਕਰਨਾ ਮੁਫ਼ਤ ਹੈ, ਮੋਬਾਈਲ ਖ਼ਰਚੇ ਲਾਗੂ ਹੋ ਸਕਦੇ ਹਨ)।

ਹੇਠਾਂ ਦਿੱਤੇ ਲਿੰਕਾਂ ਦੀ ਵਰਤੋਂ ਕਰਕੇ ਆਪਣੇ ਰਾਜ ਜਾਂ ਖੇਤਰੀ ਸਿਹਤ ਵਿਭਾਗ ਦੀ ਵੈੱਬਸਾਈਟ 'ਤੇ ਜਾਓ:

- ਆਸਟ੍ਰੇਲੀਅਨ ਕੈਪੀਟਲ ਟੈਰੀਟਰੀ: ਤਪਦਿਕ (health.act.gov.au)
- ਵਿਕਟੋਰੀਆ: ਤਪਦਿਕ (health.vic.gov.au)
- ਨਿਊ ਸਾਊਥ ਵੇਲਜ਼: ਤਪਦਿਕ (health.nsw.gov.au)
- ਕੁਈਨਜ਼ਲੈਂਡ: ਤਪਦਿਕ (health.qld.gov.au)
- ਨੋਰਥਰਨ ਟੈਰੀਟਰੀ: ਤਪਦਿਕ (health.nt.gov.au)
- ਵੈਸਟਰਨ ਆਸਟ੍ਰੇਲੀਆ: ਤਪਦਿਕ (health.wa.gov.au)
- ਸਾਊਥ ਆਸਟ੍ਰੇਲੀਆ: ਤਪਦਿਕ (sahealth.sa.gov.au)
- ਤਸਮਾਨੀਆ: ਸਿਹਤ ਵਿਭਾਗ (health.tas.gov.au/)

ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਐਂਬੂਲੈਂਸ ਦੀ ਲੋੜ ਹੈ ਜਾਂ ਤੁਹਾਡੀ ਬਿਮਾਰੀ ਗੰਭੀਰ ਹੈ ਜਾਂ ਜਾਨਲੇਵਾ ਹੈ, ਤਾਂ ਤੁਰੰਤ ਐਂਬੂਲੈਂਸ ਲਈ ਟ੍ਰਿਪਲ ਜ਼ੀਰੋ (000) ਨੂੰ ਕਾਲ ਕਰੋ।